This question paper contains 2 printed pages]

*Your Roll No.* ..........................

**5839**

## B.A. (PROGRAMME)/II E

PUNJABI DISCIPLINE (B)—Paper II

(Optional)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

**Note :** The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

ਪ੍ਰਸ਼ਨ-1 ਪਵਿੱਤਰ ਪਾਪੀ ਨਾਵਲ ਨੂੰ ਸਮਾਜਕ ਦ੍ਰਿਸ਼ਟੀ ਤੋਂ ਵਿਚਾਰੋ ।

ਜਾਂ

ਪਵਿੱਤਰ ਪਾਪੀ ਨਾਵਲ ਦੇ ਸਿਰਲੇਖ ਦੀ ਸਾਰਥਕਤਾ ਦਲੀਲਾਂ ਸਹਿਤ ਪੇਸ਼ ਕਰੋ। 15

ਪ੍ਰਸ਼ਨ-2 ਹੇਠ ਲਿਖੇ ਨਿਬੰਧਾਂ ਵਿਚੋਂ ਕਿਸੇ ਇਕ ਨੂੰ ਆਪਣੇ ਸ਼ਬਦਾਂ ਵਿਚ ਲਿਖੋ :

ਮਜ਼ਬ, ਸਿਖਿਆ ਤੇ ਸਮਾਜ,ਸਿਨੇਮਾ ਤੇ ਸਟੇਜ,ਲੋਕਧਾਰਾ ਤੇ ਸਾਹਿਤ 15

ਪ੍ਰਸ਼ਨ-3 ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਤੇ ਪੈਰ੍ਹਾ ਲਿਖੋ:

ਵਿਦਿਆਰਥੀ ਤੇ ਫੈਸ਼ਨ,ਮੋਬਾਈਲ ਦੀ ਵਰਤੋਂ, ਭਾਰਤੀ ਪਰਿਵਾਰ ਵਿਚ ਔਰਤ ਦੀ ਸਥਿਤੀ 10

ਪ੍ਰਸ਼ਨ-4 ਦਿਤੇ ਗਏ ਪੈਰ੍ਹੇ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਜਵਾਬ ਲਿਖੋ :

ਮੂਲ ਰੂਪ ਵਿਚ ਭਾਰਤੀ ਸਮਾਜ ਅਨਪੜ੍ਹਤਾ, ਅਗਿਆਨਤਾ ਆਦਿ ਸਮਸਿਆਵਾਂ ਨਾਲ ਜੂਝਦਾ ਰਿਹਾ ਹੈ। ਇਨ੍ਹਾਂ ਸਮਸਿਆਵਾਂ ਕਾਰਨ ਹੀ ਸਮਾਜ ਵਿਚ ਵਿਚਰ ਰਹੇ ਉਚ ਵਰਗ ਦੇ ਲੋਕਾਂ ਨੇਂ ਅਨਪੜ੍ਹ ਭਾਰਤੀਆਂ ਨੂੰ

ਆਪਣੀ ਹਉਮੈ ਦਾ ਸ਼ਿਕਾਰ ਬਣਾਇਆ। ਨਤੀਜੇ ਵਜੋਂ ਛੂਆਛੂਤ ਜਾਤ-ਪਾਤ, ਦਾਜ-ਪ੍ਰਥਾ, ਸਤੀ- ਪ੍ਰਥਾ, ਪਰਦਾ-ਪ੍ਰਥਾ,ਬਾਲ ਵਿਆਹ ਆਦਿ ਪ੍ਰਥਾਵਾਂ ਨੇਂ ਜਨਮ ਲਿਆ। ਇਸ ਤੋਂ ਇਲਾਵਾ ਜਨਮ-ਮਰਣ ਸੰਸਕਾਰ ਮੁੰਡਨ,ਵਿਆਹ ਸ਼ਾਦੀਆਂ ਤੇ ਹੋਣ ਵਾਲੀਆਂ ਬੇਲੋੜੀਆਂ ਰਸਮਾਂ ਨੇਂ ਆਮ ਆਦਮੀ ਦਾ ਲੱਕ ਤੋੜ ਕੇ ਰੱਖ ਦਿਤਾ ਹੈ। ਸਾਡੇ ਸਮਾਜ ਦੀ ਸਭ ਤੋਂ ਵੱਡੀ ਕੁਰੀਤੀ ਜਾਤ-ਪਾਤ ਤੇ ਛੂਆਛੂਤ ਹੈ । ਮੰਨੂੰ ਸਿਮਰਤੀ ਅਨੁਸਾਰ ਭਾਰਤੀ ਸਮਾਜ ਦੀ ਵੰਡ ਕਿੱਤੇ ਅਨੁਸਾਰ ਕੀਤੀ ਗਈ।

ਬ੍ਰਾਹਮਣ,ਖੱਤਰੀ ਵੈਸ਼ ਤੇ ਸ਼ੂਦਰ ਚਾਰ ਵਰਗਾਂ ਵਿਚ ਸਮਾਜ ਨੂੰ ਵੰਡ ਦਿਤਾ ਗਿਆ।

(ੳ)-ਭਾਰਤੀ ਸਮਾਜ ਵਿਚ ਪ੍ਰਚਲਿਤ ਕੁਪ੍ਰਥਾਵਾਂ ਕਿਹੜੀਆਂ ਹਨ ?

(ਅ)-ਆਮ ਜਨਤਾ ਕਿਹੜੀਆਂ ਬੇਲੋੜੀਆਂ ਰਸਮਾਂ ਦੇ ਬੋਝ ਥੱਲੇ ਦੱਬੀ ਪਈ ਹੈ?

(ੲ)-ਭਾਰਤੀ ਸਮਾਜ ਨੂੰ ਕਿਹੜੇ ਵਰਗਾਂ ਵਿਚ ਵੰਡਿਆ ਗਿਆ ਹੈ ?

(ਸ)ਭਾਰਤੀ ਸਮਾਜ ਦੀਆਂ ਮੂਲ ਸਮਸਿਆਵਾਂ ਕਿਹੜੀਆਂ ਹਨ ?

(ਹ)ਇਸ ਪੈਰ੍ਹੇ ਦਾ ਢੁਕਵਾਂ ਸਿਰਲੇਖ ਕੀ ਹੋ ਸਕਦਾ ਹੈ ? 10

ਪ੍ਰਸ਼ਨ-5 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਦੋ ਦਾ ਉੱਤਰ ਲਿਖੋ:

(ੳ) ਉਪ-ਭਾਸ਼ਾ ਅਤੇ ਟਕਸਾਲੀ ਭਾਸ਼ਾ ਵਿਚ ਕੀ ਅੰਤਰ ਹੈ?

(ਅ) ਪੜਨਾਂਵ ਤੋਂ ਕੀ ਭਾਵ ਹੈ? ਪੁਰਖ ਵਾਚਕ ਪੜਨਾਂਵ ਦੇ ਭੇਦ ਉਦਾਹਰਣ ਸਹਿਤ ਲਿਖੋ ।

(ੲ) ਹੇਠ ਲਿਖੇ ਅਗੇਤਰ/ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ:

ਅੱਧ,ਬੇ,ਵਾਲਾ,ਦਾਨ ਬਦ 10

ਪ੍ਰਸ਼ਨ-6 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ :

(ੳ)-ਵੀਨਾ ਪਾਤਰ ਦੀਆਂ ਦੋ ਚਰਿਤ੍ਰਕ ਖੂਬੀਆਂ ਲਿਖੋ।

(ਅ)-ਕਿਦਾਰ ਦੀ ਮੌਤ ਕਿਵੇਂ ਹੋਈ ?

(ੲ)-ਕਲੋਜ਼-ਅਪ ਤੋਂ ਕੀ ਭਾਵ ਹੈ?

(ਸ)-ਪੱਤਰਕਾਰੀ ਨਿਬੰਧ ਅਨੁਸਾਰ ਪੁਰਾਤਨ ਕਾਲ ਵਿਚ ਖਬਰਾਂ ਕਿਵੇਂ ਭੇਜੀਆਂ ਜਾਂਦੀਆਂ ਸਨ ?

(ਹ)-ਸਦਾਚਾਰ ਸੰਬੰਧੀ ਮਹਾਤਮਾ ਬੁੱਧ ਦੇ ਵਿਚਾਰ ਦਸੋ। 15